
ਜਮਾਤ -ਸੱਤਵੀਂ

## ਪਾਠ-9 ਮੇਰੇ ਦਾਦੀ ਜੀ



ਸਾਹਿਤ ਰੂਪ-ਲੇਖ

ਲੇਖਕ- ਸ਼੍ਰੀ ਗੁਰਬਖਸ਼ ਪ੍ਰੀਤਲੜੀ

**ਪ੍ਰਸ਼ਨ (ੳ) ਸਰੀਰਿਕ ਪੱਖੋਂ ਦਾਦੀ ਜੀ ਕਿਸ ਤਰ੍ਹਾਂ ਦੇ ਸਨ?**

ਉੱਤਰ- ਦਾਦੀ ਜੀ ਬਹੁਤ ਬੁੱਢੇ ਸਨ।ਉਹਨਾਂ ਦੀ ਉਮਰ 93 ਸਾਲ ਅਤੇ ਕੱਦ ਮਸਾਂ ਸਾਢੇ ਚਾਰ ਫੁੱਟ ਸੀ।ਉਹ ਬਹੁਤ ਖੁਸ਼-ਮਿਜ਼ਾਜ ਅਤੇ ਕੋਮਲ ਸਨ।

**ਪ੍ਰਸ਼ਨ (ਅ) ਦਾਦੀ ਜੀ ਨੂੰ ਕਿਹੜੀ ਗੱਲ ਚੰਗੀ ਨਹੀਂ ਲੱਗਦੀ ਸੀ?**



ਉੱਤਰ- ਕਦੇ ਕੋਈ ਮਹਿਮਾਨ ਘਰੋਂ ਅਸੰਤੁਸ਼ਟ ਚਲਾ ਜਾਏ ਜਾਂ ਕਿਸੇ ਫ਼ਕੀਰ ਦਾ ਨਿਰਾਦਰ ਹੋ ਜਾਏ ਤਾਂ ਦਾਦੀ ਜੀ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਸੀ।

**ਪ੍ਰਸ਼ਨ (ੲ) ਦਾਦੀ ਜੀ ਦੇ ਪ੍ਰਾਰਥਨਾ ਕਮਰੇ ਵਿੱਚ ਕਿਹੜਾ-ਕਿਹੜਾ ਸਮਾਨ ਪਿਆ ਸੀ?**

ਉੱਤਰ- ਦਾਦੀ ਜੀ ਦੇ ਪ੍ਰਾਰਥਨਾ ਕਮਰੇ ਵਿੱਚ ਇੱਕ ਸਾਦੀ ਦਰੀ ਵਿਛੀ ਹੋਈ ਸੀ ਜਿਸ ਉੱਤੇ ਵਿਚਕਾਰ ਰੰਗਲੇ ਪੀਹੜੇ ਉੱਤੇ ਗ੍ਰੰਥ ਸਾਹਿਬ ਪਏ ਸਨ।ਫਰਸ਼'ਤੇ ਚਾਂਦੀ ਦੀ ਧੂਫਦਾਨ ਸੀ।

**ਪ੍ਰਸ਼ਨ (ਸ) ਮੋਹਿਨੀ ਸ਼ਹਿਜ਼ਾਦੀ ਦੀ ਕਹਾਣੀ ਵਿੱਚ ਮੋਹਿਨੀ ਸ਼ਹਿਜ਼ਾਦੀ ਕਿਹੋ-ਜਿਹੀ ਸੀ?**

ਉੱਤਰ- ਮੋਹਿਨੀ ਸ਼ਹਿਜ਼ਾਦੀ ਸਭ ਤੋਂ ਸੋਹਣੀ ਸੀ।ਉਸ ਦੇ ਮੂੰਹੋਂ ਫੁੱਲ ਕਿਰਦੇ ਸਨ।ਜਦੋਂ ਉਹ ਹੱਸਦੀ ਸੀ ਤਾਂ ਉਸ ਦੇ ਮੂੰਹ ਤੋਂ ਡਿਗਿਆ ਹਰ ਫੁੱਲ ਬੂਟਾ ਬਣ ਜਾਂਦਾ ਸੀ।

**ਪ੍ਰਸ਼ਨ (ਹ) ਖੇਤਰੀ ਜਲ ਪ੍ਰਵਾਹ ਤੋਂ ਬਾਅਦ ਦਾਦੀ ਜੀ ਕੰਜਕਾਂ ਲਈ ਕੀ ਕਰਦੇ ਸੀ?**

ਉੱਤਰ- ਖੇਤਰੀ ਜਲ ਪ੍ਰਵਾਹ ਤੋਂ ਬਾਅਦ ਦਾਦੀ ਜੀ ਗੁਆਂਢੀ ਘਰਾਂ ਦੀਆਂ ਕੰਜਕਾਂ ਨੂੰ ਬੁਲਾਉਂਦੇ,ਉਹਨਾਂ ਦੇ ਪੈਰ ਧੁਆਉਂਦੇ,ਉਹਨਾਂ ਅੱਗੇ ਸਿਰ ਝੁਕਾਉਂਦੇ ਤੇ ਪਿਆਰ ਨਾ਼ਲ ਹੱਥੀਂ ਪਕਾਈਆਂ ਚੀਜਾਂ ਖੁਆਉਂਦੇ ਸਨ।

**ਪ੍ਰਸ਼ਨ (ਕ) ਹਰ ਰੋਜ਼ ਸਵੇਰੇ,ਸ਼ਾਮ ਅਤੇ ਰਾਤ ਵੇ਼ਲੇ ਦਾਦੀ ਜੀ ਕੀ ਕਰਦੇ ਸਨ?**

ਉੱਤਰ- ਦਾਦੀ ਜੀ ਹਰ ਰੋਜ਼ ਸਵੇਰੇ ਚੜ੍ਹਦੇ ਸੂਰਜ ਨੂੰ ਮੱਥਾ ਟੇਕਦੇ ਸਨ ਅਤੇ ਸ਼ਾਮ ਨੂੰ ਨੀਲੇ ਅਕਾਸ਼ ਨੂੰ। ਰਾਤ ਵੇ਼ਲੇ ਉਹ ਕਦੇ ਚੰਨ ਅਤੇ ਕਦੇ ਧਰੂ ਤਾਰੇ ਨੂੰ ਹੱਥ ਜੋੜਦੇ ਸਨ।

**ਪ੍ਰਸ਼ਨ (ਖ) ਦਾਦੀ ਜੀ ਦੇ ਅੰਤਿਮ ਸਮੇਂ ਦਾ ਵਰਣਨ ਆਪਣੇ ਸ਼ਬਦਾਂ ਵਿੱਚ ਕਰੋ।**

ਉੱਤਰ- ਦਾਦੀ ਜੀ ਆਪਣੇ ਅੰਤਿਮ ਸਮੇਂ ਅਖ਼ੀਰਲਾ ਇੱਕ ਮਹੀਨਾ ਮੰਜੇ 'ਤੇ ਪਏ ਰਹੇ।ਜਦੋਂ ਵੀ ਕੋਈ ਉਹਨਾਂ ਦਾ ਹਾਲ ਪੁੱਛਦਾ ਤਾਂ ਉਹ ਹੱਸ ਕੇ 'ਚੰਗਾ' ਹੀ ਆਖਦੇ।

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਦੇਧਨਾ (ਪਟਿ:) 99886-43700

**ਪ੍ਰਸ਼ਨ (ਗ) ਮੇਰੇ ਦਾਦੀ ਜੀ ਇਨਸਾਨੀ ਦਿਲਾਂ ਦੀ ਬੈਂਕ ਸੀ,ਕਿਵੇਂ?**


**ਉੱਤਰ– ਦਾਦੀ ਜੀ ਦੀ ਫੂਹੜੀ ਉੱਤੇ ਕਈਆਂ ਨੇ ਉਹ ਗੱਲਾਂ ਦੱਸੀਆਂ ਜੋ ਦਾਦੀ ਜੀ ਨੇ ਕਦੇ ਆਪਣੇ ਪਰਿਵਾਰ ਵਾਲਿਆਂ ਨਾਲ਼ ਵੀ ਸਾਝੀਆਂ ਨਹੀਂ ਕੀਤੀਆਂ ਸਨ।ਇਸ ਤਰ੍ਹਾਂ ਉਹਨਾਂ ਨੇ ਸਭ ਦੇ ਰਾਜ਼ ਆਪਣੇ ਦਿਲ ਵਿੱਚ ਬੈਂਕ ਵਾਂਗ ਗੁਪਤ ਸਾਂਭ ਕੇ ਰੱਖੇ ਸਨ।**

**2. ਔਖੇ ਸ਼ਬਦਾਂ ਦੇ ਅਰਥ ਪਾਠ ਪੁਸਤਕ ਵਿੱਚੋਂ ਆਪ ਪੜ੍ਹੋ ਤੇ ਸਮਝੋ:**

**3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:–**

1. ਸਿਧਾਂਤ – ਸਾਨੂੰ ਜੀਵਨ ਵਿੱਚ ਚੰਗੇ ਸਿਧਾਂਤਾਂ ਦਾ ਪਾਲਣ ਕਰਨਾ ਚਾਹੀਦਾ ਹੈ।
2. ਫਕੀਰ – ਬਾਬਾ ਫਰੀਦ ਜੀ ਇੱਕ ਸੂਫੀ ਫਕੀਰ ਸਨ।
3. ਭਰਪੂਰ – ਸ਼ਹਿਦ ਕੁਦਰਤੀ ਤੱਤਾਂ ਨਾਲ਼ ਭਰਪੂਰ ਹੁੰਦਾ ਹੈ।
4. ਸ਼ਹਿਜ਼ਾਦੀ – ਮੋਹਿਨੀ ਸ਼ਹਿਜ਼ਾਦੀ ਬਹੁਤ ਸੋਹਣੀ ਸੀ।
5. ਕੁਦਰਤ – ਮਨੁੱਖ ਨੂੰ ਕੁਦਰਤ ਨੇ ਭਰਪੂਰ ਦਾਤਾਂ ਦਿੱਤੀਆਂ ਹਨ।
6. ਚੋਣਵੇਂ – ਮੁੱਖ-ਮੰਤਰੀ ਜੀ ਕੁੱਝ ਚੋਣਵੇਂ ਪੱਤਰਕਾਰਾਂ ਨਾਲ਼ ਗੱਲ ਕਰ ਰਹੇ ਸਨ।
7. ਕੰਜਕਾਂ – ਦਾਦੀ ਜੀ ਕੰਜਕਾਂ ਨੂੰ ਮੱਥਾ ਟੇਕਦੇ ਸਨ।
8. ਪ੍ਰਾਰਥਨਾ– ਅਸੀਂ ਸਭ ਤੋਂ ਪਹਿਲਾਂ ਪਰਮਾਤਮਾ ਨੂੰ ਪ੍ਰਾਰਥਨਾ ਕਰਦੇ ਹਾਂ।
9. ਇਨਸਾਨੀ – ਦਾਦੀ ਜੀ ਇਨਸਾਨੀ ਦਿਲਾਂ ਦੀ ਬੈਂਕ ਸਨ।

**4. ਪੜ੍ਹੋ,ਸਮਝੋ ਤੇ ਮਿਲਾਣ ਕਰੋ:**




ਤਿਆਰ ਕਰਤਾ:–
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੋਧਨਾ
99886–43700